Cbsemath.com in the service of student community
The No. 1 CBSE Mathematics website in the world

**ਜਮਾਤ : ਦਸਵੀਂ** **ਵਿਸ਼ਾ : ਪੰਜਾਬੀ** **ਕੁੱਲ ਅੰਕ : ੧੦੦** **ਕੁੱਲ ਸਮਾਂ : ੩ ਘੰਟੇ**

ਨੋਟ: ਲਿਖਾਈ ਸ਼ੁੱਧ, ਸੁੰਦਰ ਅਤੇ ਖੁੱਲ੍ਹੀ ਕਰਨ ਦੇ ਯਤਨ ਕਰੋ ।

**ਭਾਗ (ੳ)**

੧ (ੳ) ਹੇਠ ਲਿਖਿਆਂ ਨੂੰ ਦਿੱਤੀਆਂ ਹਦਾਇਤਾਂ ਅਨੁਸਾਰ ਹੱਲ ਕਰੋ :

(੧) ਸ਼ਾਹ, ਮਹਾਂ (ਅਗੇਤਰ ਲਾ ਕੇ ਦੋ ਸ਼ਬਦ ਬਣਾਉ ) ।

(੨) ਮਾਨ, ਸ਼ਾਲਾ (ਪਿਛੇਤਰ ਲਾ ਕੇ ਦੋ ਸ਼ਬਦ ਬਣਾਉ ) । ੨

(੩) ਕੜਾਹ ਅਤੇ ਪੂਰੀ (ਸਮਾਸ ਸ਼ਬਦ ਬਣਾਉ ) । ੧

(ਅ) ਸੁਰਭੀ ਦੇ ਦਾਦਾ ਜੀ ਨੇ ਉਸ ਨੂੰ ਨਵਾਂ ਪੈਨ ਦਿੱਤਾ ।
(ਉਪਰੋਕਤ ਵਾਕ ਵਿੱਚੋਂ ਨਾਂਵ ਸ਼ਬਦਾਂ ਦੀ ਪਦਵੰਡ ਕਰੋ ) । ੩

(ੲ) ਹੇਠ ਲਿਖੇ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ :

(੧) ਨੈਹਰੁ, ਆਯਾ, ਗਐ, ਪੜਣਾ ੨

(੨) ਕਿਸ ਦੀ ਗੱਲ ਕਰਦੇ ਹੋ ਤੁਸੀਂ ? (ਵਾਕ ਨੂੰ ਸ਼ੁੱਧ ਕਰਕੇ ਲਿਖੋ )

(੩) ਕਿਉਂ ਪਾ ਰਹੇ ਹੋ ਰੌਲਾ ਤੁਸੀਂ ਮੁੰਡਿਓ ? (ਵਾਕ ਨੂੰ ਸ਼ੁੱਧ ਕਰਕੇ ਲਿਖੋ ) ੧

(ਸ) (੧) ਸੁਤੰਤਰਤਾ ਦਿਵਸ ਦੀ ਕਿਸ ਨੂੰ ਖੁਸ਼ੀ ਨਹੀਂ ਹੁੰਦੀ । (ਸਾਧਾਰਨ ਵਾਕ)

(੨) ਮੁੰਡਾ ਸੁੰਦਰ ਦੇ ਨਾਲ ਨਾਲ ਸ਼ੁੱਧ ਵੀ ਲਿਖਦਾ ਹੈ । (ਸੰਯੁਕਤ ਵਾਕ)

(੩) ਭਲੇ ਲੋਕ ਸਭ ਦਾ ਭਲਾ ਸੋਚਦੇ ਹਨ । (ਨਾਂਹ ਵਾਚਕ ਵਾਕ ਬਣਾਓ) ੩

(ਹ) ਤੁਸੀਂ ਦੇਰ ਨਾਲ ਕਿਉਂ ਆਏ ਗੁਰਦੇਵ ਨੇ ਮੈਨੂੰ ਕਿਹਾ ਰਸਤੇ ਵਿੱਚ ਬਸ ਪੈਂਚਰ ਹੋ ਗਈ ਸੀ ਮੈਂ ਕਿਹਾ
(ਵਿਸ਼ਰਾਮ ਚਿੰਨ੍ਹ ਲਾਓ) ੩

੨. (ੳ) ਹੇਠ ਲਿਖੇ ਮੁਹਾਵਰਿਆਂ ਵਿੱਚੋਂ ਕੋਈ ਤਿੰਨ ਮੁਹਾਵਰੇ ਆਪਣੇ ਵਾਕਾਂ ਵਿੱਚ ਵਰਤ ਕੇ ਅਰਥ ਸਪਸ਼ਟ ਕਰੋ :
ਅੱਖ ਮਾਰਨਾ, ਕੰਨ ਖਾਣਾ, ਹੱਥ ਉੱਤੋਂ ਹੱਥ ਧਰ ਕੇ ਬੈਠਣਾ, ਚਾਅ ਚੜ੍ਹਨਾ, ਟੁੱਟ ਕੇ ਪੈਣਾ । ੩

(ਅ) ਹੇਠ ਲਿਖੇ ਅਖਾਣ ਕਿਹੜੇ ਵਿਸ਼ੇਸ਼ ਮੌਕਿਆਂ ਤੇ ਵਰਤੀਆਂ ਜਾਂਦੀਆਂ ਹਨ :- ੨

੧ ਉੱਠਿਆ ਨਾ ਜਾਏ ਫਿੱਟੇ ਮੂੰਹ ਗੋਡਿਆਂ ਦੇ ।

੨ ਸੱਦੀ ਨਾ ਬੁਲਾਈ ਮੈਂ ਲਾੜੇ ਦੀ ਤਾਈ ।

Save trees, save paper switch to EBooks visit cbse.biz

Cbsemath.com in the service of student community
The No. 1 CBSE Mathematics website in the world

੩ ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ‘ਤੇ ਲੇਖ ਲਿਖੋ । ੧੨

੧ ਭਾਰਤੀ ਸਮਾਜ ਵਿੱਚ ਇਸਤਰੀ ਦਾ ਸਥਾਨ ।
੨ ਬੇਰੁਜ਼ਗਾਰੀ ਦੀ ਸਮੱਸਿਆ।
੩ ਕਪਿਊਟਰ ਦੇ ਲਾਭ ਅਤੇ ਹਾਨੀਆਂ ।
੪ ਨਾਨਕ ਦੁਖੀਆ ਸਭ ਸੰਸਾਰ ।
੫ ਅੰਤਕਵਾਦ ।

੪ ਕਿਸੇ ਪੰਜਾਬੀ ਦੇ ਅਖ਼ਬਾਰ ਦੇ ਸੰਪਾਦਕ ਨੂੰ ਆਪਣੇ ਇਲਾਕੇ ਦੀਆਂ ਟੁੱਟੀਆਂ ਸੜਕਾਂ ਬਾਰੇ ਦੱਸਦੇ ਹੋਏ, ਸਰਕਾਰ ਕੋਲੋਂ ਉਹਨਾਂ ਨੂੰ ਛੇਤੀ ਤੋਂ ਛੇਤੀ ਠੀਕ ਕਰਨ ਦੀ ਅਪੀਲ ਕਰੋ ।

ਜਾਂ

ਨਗਰ ਨਿਗਮ ਦੇ ਮੁੱਖ ਸਿਹਤ ਅਧਿਕਾਰੀ ਨੂੰ ਬਰਸਾਤਾਂ ਕਾਰਨ ਫੈਲੀ ਗੰਦਗੀ ਨੂੰ ਦੂਰ ਕਰਨ ਲਈ ਪੱਤਰ ਲਿਖੋ । ੮

੫ ਹੇਠ ਲਿਖੇ ਪੈਰੇ ਨੂੰ ਸੰਖੇਪ ਕਰਕੇ ਲਿਖੋ ਅਤੇ ਢੁੱਕਵਾਂ ਸਿਰਲੇਖ ਵੀ ਦਿਉ । ੨+੮=੧੦

ਉਂਜ ਤਾਂ ਮਨੁੱਖ ਤੋਂ ਨੀਵੇਂ ਦਰਜੇ ਦੇ ਕਈ ਜੀਵ ਜੰਤੂ ਸਮੂਹ ਬਣਾਕੇ ਜਾਂ ਢਾਣੀਆਂ ਵਿੱਚ ਜੀ ਰਹਿ ਸਕਦੇ ਹਨ , ਪਰ ਜੇਕਰ ਮਨੁੱਖ ਪਰਵਾਰ ਬਣਾਕੇ ਗਿਰੋਹਾਂ ਜਾਂ ਕਬੀਲਿਆਂ. ਕੌਮਾਂ ਵਿੱਚ ਨਾ ਰਹਿੰਦੇ ਹੁੰਦੇ. ਤਦ ਮਨੁੱਖ ਜਾਤੀ ਦਾ ਬੀਜ ਨਾਸ ਹੋ ਗਿਆ ਹੁੰਦਾ । ਇਕੱਠੇ ਮਿਲ ਕੇ ਕਾਮਯਾਬੀ ਨਾਲ ਰਹਿਣ ਲਈ ਬੰਧੇਜ ਦੀ ਰਹਿਣੀ-ਬਹਿਣੀ ਜਾਂ ਵਿਸ਼ੇਸ਼ ਅਚਾਰ-ਵਿਹਾਰ ਦੀ ਲੋੜ ਹੁੰਦੀ ਹੈ । ਜੇਕਰ ਅਚਾਰ ਗਿਰੋਹਾਂ ਦੇ ਵਾਧੇ ਲਈ ਹੈ, ਤਾਂ ਇਹ ‘ਸਦਾਚਾਰ’ ਅਖਵਾਏਗਾ ਅਤੇ ਜੇ ਉਹ ਇਸ ਦੇ ਉਲਟ ਗਿਰੋਹ ਨੂੰ ਹਰਜ ਪਹੁੰਚਾਣ ਵਾਲਾ ਹੈ, ਤਦ ‘ਦੁਰਾਚਾਰ’ । ਗਿਰੋਹ ਦੀ ਭਲਾਈ ਕਿਸ ਗੱਲ ਵਿੱਚ ਹੈ ਤੇ ਬੁਰਾਈ ਕਿਸ ਗੱਲ ਵਿੱਚ, ਇਸ ਦਾ ਫੈਸਲਾ ਗਿਰੋਹ ਦੀਆਂ ਵੇਲੇ-ਵੇਲੇ ਦੀਆਂ ਲੋੜਾਂ ਦੇ ਪੂਰਾ ਹੋ ਸਕਣ ਜਾਂ ਉਸ ਪੁਰ ਰੋਕ ਪੈਣ ਪੁਰ ਨਿਰਭਰ ਕਰਦਾ ਹੈ । ‘ਸਦਾਚਾਰ’ ਕੋਈ ਨਾ ਬਦਲਣ ਵਾਲੀ ਬੱਝਵੀਂ ਜਾਂ ਸਦੀਵੀ ਸ਼ੈ ਨਹੀ ਅਤੇ ਨਾ ਹੀ ਇਹ ਉਪਰੋਂ ਆਈ ਈਸ਼ਵਰੀ ਆਗਿਆ ਹੈ । ਜੋ ਕੁਝ ਵੀ ‘ਸਦਾਚਾਰ’ ਹੈ, ਉਹ ਸਾਰੇ ਦਾ ਸਾਰਾ ਮਨੁੱਖ ਨੇ ਹੀ ਆਪਣੇ ਲਈ ਵੇਲੇ-ਵੇਲੇ ਸਿਰ ਬਣਾਇਆ ਹੈ ।

Cbseprojectwork.com – CBSE Mathematics Projects for class X

Cbsemath.com in the service of student community
The No. 1 CBSE Mathematics website in the world

**ਭਾਗ (ਅ)**

੬ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਆਪਣੀਆਂ ਪਾਠ-ਪੁਸਤਕਾਂ ਦੇ ਆਧਾਰ 'ਤੇ ਇੱਕ-ਇੱਕ ਵਾਕ ਵਿੱਚ ਲਿਖੋ । ੧*੬=੬
੧ 'ਆਨੰਦ ਸਾਹਿਬ ਕਿਸ ਗੁਰੂ ਦੀ ਰਚਨਾ ਹੈ ?
੨ ਨਾਮਧਾਰੀ (ਕੂਕਾ) ਲਹਿਰ ਦੇ ਸੰਚਾਲਕ ਕੌਣ ਸਨ ?
੩ ਪ੍ਰੋ: ਪੂਰਨ ਸਿੰਘ ਅਨੁਸਾਰ 'ਪੰਜਾਬ' ਕਿਸ ਦੇ ਨਾਂ 'ਤੇ ਜੀਉਂਦਾ ਹੈ ?
੪ ਨੌਜੁਵਾਨ ਨੇ ਸੁੰਦਰੀ ਨੂੰ ਖੁਸ਼ ਕਰਨ ਲਈ ਕੀ ਕੀਤਾ ?
੫ ਗੁਰਬਚਨ ਸਿੰਘ ਭੁੱਲਰ ਦੀ ਕਿਹੜੀ ਕਹਾਣੀ ਤੁਹਾਡੀ ਪਾਠ-ਪੁਸਤਕ ਵਿੱਚ ਦਰਜ ਹੈ ?
੬ ਵਲੀ ਕੰਧਾਰੀ ਕੌਣ ਸੀ ਅਤੇ ਉਹ ਕਿਥੇ ਰਹਿੰਦਾ ਸੀ ?
੭ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਆਪਣੀਆਂ ਪਾਠ-ਪੁਸਤਕਾਂ ਦੇ ਆਧਾਰ 'ਤੇ ੪੦-੫੦ ਸ਼ਬਦਾਂ ਵਿੱਚ ਲਿਖੋ । ੨*੧੦=੨੦
੧ ਬੁੱਲ੍ਹੇ ਸ਼ਾਹ ਕਿਹੜੀ ਸ਼ਰ੍ਹਾ ਨੂੰ ਤਿਆਗਣ ਲਈ ਕਹਿੰਦਾ ਹੈ ਅਤੇ ਕਿਉਂ ?
੨ ਮਹਾਂਰਾਜਾ ਰਣਜੀਤ ਸਿੰਘ ਨੇ ਕੈਦੀ ਨੂੰ ਕਿਉਂ ਛੱਡਿਆ ?
੩ ਸਰਕਾਰੀ ਨੌਕਰੀ ਮਿਲਣ ਉੱਤੇ ਲੇਖਕ ਖੁਸ਼ ਵੀ ਸੀ ਅਤੇ ਦੁਖੀ ਵੀ, ਕਿਉਂ ?
੪ ਗੱਡੀ ਵਿੱਚ ਕੌਣ ਲੋਕ ਸਨ ਅਤੇ ਉਹਨਾਂ ਨੂੰ ਕਿਥੇ ਲਿਜਾਇਆ ਜਾ ਰਿਹਾ ਸੀ ?
੫ ਪੰਜਾਬੀ ਕਿਸਾਨ ਕੈਨੇਡਾ ਕਿਉਂ ਜਾਣਾ ਚਾਹੁੰਦੇ ਸਨ ?
੬ ਜੇ ਤੁਸੀਂ ਜੀਤੀ ਦੀ ਥਾਂ ਹੁੰਦੇ ਤਾਂ ਕੀ ਕਰਦੇ ?
੭ ਟਾਲਸਟਾਏ ਦਾ ਪਾਲਣ-ਪੋਸ਼ਣ ਕਰਨ ਵਾਲੀ ਇਸਤਰੀ ਦਾ ਉਸ ਦੇ ਜੀਵਨ 'ਤੇ ਕੀ ਪ੍ਰਭਾਵ ਪਿਆ ?
੮ ਡਾ ਰਾਧਾ ਕ੍ਰਿਸ਼ਨਨ ਨੂੰ ਪ੍ਰਸਿੱਧੀ ਕਿਵੇਂ ਪ੍ਰਾਪਤ ਹੋਈ ?
੯ ਬਾਬਾ ਗੁਰਦਿੱਤ ਸਿੰਘ ਧਨੀ ਕਿਵੇਂ ਬਣਿਆ ?
੧੦ ਗੁਰੂ ਤੇਗ ਬਹਾਦਰ ਜੀ ਗੁਰਗੱਦੀ ਦੇ ਮਾਲਕ ਕਿਵੇਂ ਬਣੇ ?
੮ 'ਕੋਊ ਨ ਨਿਬਹਿਓ ਸਾਥਿ' ਇਕਾਂਗੀ ਤੋਂ ਤੁਹਾਨੂੰ ਕਿਸ ਸਮਾਜਕ ਵਰਤਾਰੇ ਬਾਰੇ ਕੀ ਪਤਾ ਲੱਗਦਾ ਹੈ । ੫
੯ ਕੂਕਾ ਲਹਿਰ ਕੇਵਲ ਧਾਰਮਕ ਲਹਿਰ ਹੀ ਨਹੀਂ ਸੀ ਸਗੋਂ ਇਸ ਤੋਂ ਵੀ ਵੱਧ ਇੱਕ ਰਾਜਨੀਤਿਕ ਜੱਥੇਬੰਦੀ ਸੀ, ਕਿਵੇਂ ? ੫
੧੦ ਹੇਠ ਲਿਖੇ ਪੈਰ੍ਹੇ ਨੂੰ ਪੜ੍ਹੋ ਅਤੇ ਉੱਤਰ ਦਿਉ :- ੪*੧=੪

" ਉਏ ਹੋਰ ਆਪਣਾ ਵਾਹ ਕਿਹੜਾ ਸਾਧਾਂ ਸੰਤਾਂ ਨਾਲ ਪੈਦਾ ਐ । ਬੜੀ ਕੁੱਤੀ ਨੌਕਰੀ ਐ । ਹਮੇਸ਼ਾਂ ਚੋਰ ਉਚੱਕਿਆਂ ਨਾਲ ਵਾਹ, ਗਾਲ੍ਹਾਂ ਦੇਣੀਆਂ, ਗਾਲ੍ਹਾਂ ਖਾਣੀਆਂ । ਉਤਲੇ ਅਫ਼ਸਰਾਂ ਵੱਲੋ, ਬਦਮਾਸ਼ਾਂ ਵੱਲੋਂ ਖ਼ਤਰਾ ਈ ਖ਼ਤਰਾ......ਚੱਲ ਛੱਡ, ਹੋਰ ਸੁਣਾ ਫੇਰ ਤੇਰੀ ਕੀ ਸੇਵਾ ਕਰੀਏ ।"

੧ ਕਹਾਣੀ ਅਤੇ ਕਹਾਣੀਕਾਰ ਦਾ ਨਾਂ ਦੱਸੋ ।
੨ ਕਿਹੜੀ ਨੌਕਰੀ ਨੂੰ ਕੁੱਤੀ ਨੌਕਰੀ ਕਿਹਾ ਗਿਆ ਹੈ ?
੩ ਇਸ ਨੌਕਰੀ ਵਿੱਚ ਖ਼ਤਰਾ ਕਿੰਨਾਂ ਕਿੰਨਾਂ ਲੋਕਾਂ ਕੋਲੋਂ ਬਣਿਆ ਰਹਿੰਦਾ ਹੈ ?
੪ ਇਹਨਾਂ ਸਤਰਾਂ ਅਨੁਸਰਾ ਕੌਣ ਕਿਸ ਦੀ ਸੇਵਾ ਕਰਨੀ ਚਾਹੁੰਦਾ ਹੈ ?

cbsesocialscience.com the only CBSE Social Science website

Cbsemath.com in the service of student community
The No. 1 CBSE Mathematics website in the world

੧੧ ਹੇਠ ਲਿਖੇ ਕਾਵਿ ਬੰਦਾ ਦੇ ਆਧਾਰ 'ਤੇ ਪ੍ਰਸ਼ਨਾਂ ਦੇ ਉੱਤਰ ਦਿਉ :-
ਕਾਉ ਕਪੂਰ ਨਾ ਚਖਈ ਦੁਰਗੰਧਿ ਸੁਖਾਵੈ ।। ਹਾਥੀ ਨੀਰਿ ਨਵ੍ਹਾਲੀਐ ਸਿਰਿ ਛਾਰ ਉਡਾਵੈ ।।
ਤੁੰਮੇ ਅਮਿੰਤ ਸਿੰਜੀਐ ਕਉੜਤੁ ਨ ਜਾਵੈ ।। ਸਿੰਮਲੁ ਰੁੱਖ ਸਰੇਵੀਐ ਫਲੁ ਹਥਿ  ਨ ਆਵੈ ।।
ਨਿੰਦਕ ਨਾਮ ਵਿਹੂਣਿਆ ਸਤਿਸੰਗ ਨ ਭਾਵੈ ।। ਅੰਨ੍ਹਾ ਆਗੂ ਜੇ ਥੀਐ ਸਭ ਸਾਥੁ ਮੁਹਾਵੈ ।।

੧ ਰਚਨਾ ਅਤੇ ਰਚਨਹਾਰ ਦਾ ਨਾਂ ਦੱਸੋ । ੨
੨ ਤੁੰਮੇ ਅਤੇ ਸਿੰਮਲ ਵਿਚ ਕੀ ਔਗੁਣ ਹਨ ? ੧
੩ ਸਤਿਸੰਗ ਕਿਸ ਨੂੰ ਚੰਗਾ ਨਹੀਂ ਲੱਗਦਾ ? ੧
੪ ਮਨੁੱਖ ਨੂੰ ਕਿਸ ਤਰਾਂ ਦੇ ਆਗੂ ਦੇ ਪਿਛੇ ਨਹੀ ਲੱਗਣਾ ਚਾਹੀਦਾ ? ੧

ਦੀਨਾ ਈਮਨਾਂ ਵਾਲਿਓ ਦਸਖ਼ਤ ਕਰੋ । ਦੋਹਾਂ ਜਹਾਂਨਾਂ ਦੇ ਵਾਲੀਓ ਦਸਖ਼ਤ ਕਰੋ ।
ਵੇ ਆਓ ਕਰਮਾਂ ਵਾਲਿਓ ਦਸਖ਼ਤ ਕਰੋ । ਵੇ ਆਓ ਕਰਮਾਂ ਵਾਲਿਓ ਦਸਖ਼ਤ ਕਰੋ ।

੧ ਰਚਨਾ ਅਤੇ ਰਚਨਹਾਰ ਦਾ ਨਾਂ ਦੱਸੋ । ੨
੨ ਦੁਨੀਆਂ ਵਾਲਿਆਂ ਨੂੰ ਕਿਸ ਉੱਤੇ ਦਸਖ਼ਤ ਕਰਨ ਲਈ ਕਿਹਾ ਗਿਆਂ ਹੈ ? ੧
੩ ਦਸਖ਼ਤ ਕਰਨ ਲੀ ਕਿਸ ਕਿਸ ਪ੍ਰਕਾਰ ਦੇ ਲੋਕਾਂ ਨੂੰ ਸੱਦਿਆ ਗਿਆ ਹੈ ? ੧
੪ ਕਵੀ ਨੂੰ ਕਿਸ ਗੱਲ ਦਾ ਭਰੋਸਾ ਹੈ ? ੧

ਤਿਆਰ ਕਰਤਾ :-
ਸੁਖਜਿੰਦਰ ਸਿੰਘ (ਟੀ.ਜੀ. ਟੀ. ਪੰਜਾਬੀ)
ਜਵਾਹਰ ਨਵੋਦਿਆ ਵਿਦਿਆਲਿਆ, ਤਿਉਣਾ ਪੁਜਾਰੀਆਂ.
ਬਠਿੰਡਾ ।
ਮੋਬਾਈਲ ਫੋਨ : 09417561893 E-MAIL : sssukhi@yahoo.com

Cbsemath.com in the service of student community
The No. 1 CBSE Mathematics website in the world